<u>ਸੋਧ ਪੱਤਰ</u>

ਰੋਜ਼ਾਨਾ ਹਿੰਦੁਸਤਾਨ ਟਾਈਮਜ਼ ਅੰਗਰੇਜ਼ੀ ਅਤੇ ਸਪੋਕਸਮੈਨ ਪੰਜਾਬੀ ਵਿੱਚ ਪ੍ਰਕਾਸ਼ਤ ਆਕਸ਼ਨ ਨੋਟਿਸ ਮਿਤੀ 31-10-2018 ਅਨੁਸਾਰ ਕਾਲਜ ਵਿਖੇ ਦੁਕਾਨਾਂ ਨੂੰ 2 ਸਾਲ ਵਾਸਤੇ ਲਾਇਸੰਸ ਫ਼ੀਸ ਉਪਰ ਦੇਣ ਲਈ ਜਿਹੜੀ ਆਕਸ਼ਨ ਮਿਤੀ 13-11-2018 ਨੂੰ 11-30 ਵਜੇ ਸਵੇਰੇ ਹੋਣੀ ਸੀ ਉਹ ਹੁਣ ਪ੍ਰਬੰਧਕੀ ਕਾਰਣਾਂ ਕਰਕੇ ਮਿਤੀ 19-11-2018 ਨੂੰ ਸ਼ਾਮ 3-30 ਵਜੇ ਹੋਵੇਗੀ।

**SHAHEED BHAGAT SINGH STATE TECHNICAL CAMPUS**
**MOGA ROAD, FEROZEPUR-152004 (Punjab)**

**<u>Auction</u>**

Open auction of shops (to run on license fee basis) at the campus, will be held on **13.11.18 at 11.30 a.m.** Auction document can be had from the Central Store for **Rs. 200/-** only. For details visit **www.sbsstc.ac.in.** Corrigendum or re-auction, if any, shall be published on the website only.

**Director**

1

ਕਾਲਜ ਕੈਂਪਸ ਵਿੱਚ ਦੁਕਾਨਾਂ ਲਾਇਸੰਸ ਫ਼ੀਸ ਤੇ ਲੈਣ ਲਈ ਬਿਨੈ-ਪੱਤਰ

# ਸ਼ਹੀਦ ਭਗਤ ਸਿੰਘ

# ਸਟੇਟ ਟੈਕਨੀਕਲ ਕੈਂਪਸ, ਮੋਗਾ ਰੋਡ, ਫ਼ਿਰੋਜ਼ਪੁਰ

## ਦੁਕਾਨਾਂ ਦੀ ਨਿਲਾਮੀ ਮਿਤੀ 19-11-2018

1 ਬਿਨੈ ਪੱਤਰ ਜਮ੍ਹਾਂ ਕਰਵਾਉਣ ਦੀ ਆਖ਼ਰੀ ਮਿਤੀ ਅਤੇ ਸਮਾਂ 19-11-2018 ਸਵੇਰੇ 3-30 ਵਜੇ ਤੱਕ।
2 ਦੁਕਾਨਾਂ ਦੀ ਨਿਲਾਮੀ ਹੋਣ ਦੀ ਮਿਤੀ ਅਤੇ ਸਮਾਂ 19-11-2018 ਸਵੇਰੇ 11-30 ਵਜੇ।

ਮੁੱਲ 200/-(ਦੋ ਸੌ ਰੁਪਏ)

## ਬੋਲੀ ਕਰਨ ਦਾ ਸਥਾਨ ; ਸੈਮੀਨਾਰ ਹਾਲ ਬਲਾਕ ਨੰ.3



**ਸ਼ਹੀਦ ਭਗਤ ਸਿੰਘ ਸਟੇਟ ਟੈਕਨੀਕਲ ਕੈਂਪਸ, ਫ਼ਿਰੋਜ਼ਪੁਰ**

________________ ਲਈ ਬੋਲੀ ਲਈ ਅਰਜ਼ੀ

ਤਸਦੀਕਸ਼ੁਦਾ ਫ਼ੋਟੋਗਰਾਫ਼ਇੱਥੇ ਚਿਪਕਾਈ ਜਾਵੇ

1. ਬਿਨੈਕਾਰ ਦਾ ਨਾਂ ________________

2. ਬਿਨੈਕਾਰ ਦਾ ਪੱਤਰ ਵਿਹਾਰ ਲਈ ਪਤਾ ________________

________________

________________

________________

3. ਬਿਨੈਕਾਰ ਦਾ ਪੱਕਾ ਪਤਾ ________________

________________

________________

4. ਕੰਮ ਦਾ ਤਜਰਬਾ ________________

5. ਦੋ ਜ਼ਿੰਮੇਵਾਰ ਵਿਅਕਤੀਆਂ ਦੇ ਨਾਂ ਜੋ ਬਿਨੈਕਾਰ ਦੇ ਕੰਮ, ਤਜਰਬੇ ਅਤੇ ਆਚਰਣ ਬਾਰੇ ਜਾਣਦੇ ਹੋਣ

1. ________________

2. ________________

6. ਬਿਆਨਾ (ਈਐਮਡੀ) ਦੀ ਰਕਮ ______________________________

ਮਿਤੀ__________ਰਸੀਦ ਨੰ. ______________________

7 Copy of PAN CARD, Aadhar Card and Ration card______________________________

8 Bank Account No ------------------------------------------------------------- (attach photo copy of 1st page of pass book or cancelled cheque bearing account No.)

9 ਵਿਸ਼ੇਸ਼ ਕਥਨ ______________________________

**ਘੋਸ਼ਣਾ**

1 ਮੈਂ/ਅਸੀਂ ਇਹ ਘੋਸ਼ਣਾ ਕਰਦਾ/ਕਰਦੇ ਹਾਂ ਕਿ ਮੈਂ/ਅਸੀਂ ਕਦੇ ਵੀ ਦਿਵਾਲੀਆ ਘੋਸ਼ਿਤ ਨਹੀਂ ਕੀਤਾ ਗਿਆ/ਕੀਤੇ ਗਏ।
2 ਮੈਂ/ਅਸੀਂ ਉਪਰੋਕਤ ਦੁਕਾਨ ਦੀ ਬੋਲੀ ਪੂਰੀ ਤਰਾਂ ਸੋਚ ਵਿਚਾਰ ਕੇ ਅਤੇ ਪੂਰੇ ਹੋਸ਼ੋ-ਹਵਾਸ ਨਾਲ ਦੇ ਰਹੇ ਹਾਂ ਦੁਕਾਨ ਦੀ ਅਲਾਟਮੈਂਟ ਤੋਂ ਬਾਅਦ ਸਾਡੇ ਵੱਲੋਂ ਕੋਈ ਇਤਰਾਜ਼ ਪੇਸ਼ ਨਹੀਂ ਕੀਤਾ ਜਾਵੇਗਾ।
3 ਮੈਂ/ਅਸੀਂ ਇਸ ਆਕਸ਼ਨ ਦਸਤਾਵੇਜ਼ ਨਾਲ ਦਿੱਤੀਆਂ ਸ਼ਰਤਾਂ ਨੂੰ ਚੰਗੀ ਤਰਾਂ ਪੜ੍ਹ ਲਿਆ ਹੈ ਅਤੇ ਇਸ ਸਾਰੀਆਂ ਸਾਨੂੰ ਮਨਜ਼ੂਰ ਹਨ। ਮੈ/ਅਸੀਂ ਇਨ੍ਹਾਂ ਦੀ ਇੰਨ ਬਿੰਨ ਪਾਲਣਾ ਕਰਾਂਗਾ/ਕਰਾਂਗੇ। ਮੇਰੇ/ਸਾਡੇ ਵੱਲੋਂ ਕਿਸੇ ਕਿਸਮ ਦੀ ਕੁਤਾਹੀ ਕਰਨ ਤੇ ਮੇਰੇ/ਸਾਡੇ ਖ਼ਿਲਾਫ਼ ਸ਼ਰਤਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾ ਸਕਦੀ ਹੈ।
4 ਜਿਸ ਦੁਕਾਨ ਦੀ ਮੈਂ/ਅਸੀਂ ਬੋਲੀ ਦੇ ਰਹੇ ਹਾਂ ਉਸ ਦੁਕਾਨ ਨੂੰ ਮੈਂ/ਅਸੀਂ ਦੇਖ/ਚੈਕ ਕਰ ਲਿਆ ਹੈ ਅਤੇ ਉਹ ਬਿਲਕੁਲ ਠੀਕ ਹੈ।
5 ਉਕਤ ਦਿੱਤੀ ਗਈ ਜਾਣਕਾਰੀ ਦਰੁਸਤ ਹੈ।

ਬਿਨੈਕਾਰ ਦਾ ਪੂਰਾ ਨਾਮ

ਬਿਨੈਕਾਰ ਦੇ ਹਸਤਾਖ਼ਰ

ਮੋਬਾਈਲ ਨੰ.

3

# ਸ਼ਹੀਦ ਭਗਤ ਸਿੰਘ ਸਟੇਟ ਟੈਕਨੀਕਲ ਕੈਂਪਸ, ਫ਼ਿਰੋਜ਼ਪੁਰ

## ਅਸਟੇਟ ਦਫ਼ਤਰ

### ਕਾਲਜ ਕੈਂਪਸ ਅੰਦਰ ਦੁਕਾਨਾਂ ਲਾਇਸੰਸ ਫ਼ੀਸ ਤੇ ਦੇਣ ਲਈ ਸ਼ਰਤਾਂ :-

1 ਹਰ ਬਿਨੈਕਾਰ ਆਪਣੇ ਬਿਨੈ ਪੱਤਰ ਦੇ ਨਾਲ ਅੱਗੇ ਵਰਨਣ ਅਨੁਸਾਰ ਈ.ਐਮ.ਡੀ.ਰਾਸ਼ੀ ਜਮ੍ਹਾਂ ਕਰਵਾਏਗਾ ਇਹ ਬਿਆਨਾ/ਈ ਐਮ.ਡੀ.ਦੀ ਰਕਮ ਸਫ਼ਲ ਬੋਲੀਦਾਤਾ ਅਤੇ ਦੂਜੇ ਨੰਬਰ ਦੇ ਜ਼ਿਆਦਾ ਬੋਲੀ ਦੇਣ ਵਾਲੇ ਬੋਲੀਦਾਤਾਵਾਂ ਦੀ ਛੱਡ ਕੇ ਬਾਕੀ ਦੇ ਬੋਲੀਕਾਰਾਂ ਨੂੰ ਮੌਕੇ ਤੇ ਹੀ ਵਾਪਸ ਕਰ ਦਿੱਤੀ ਜਾਵੇਗੀ।

2 ਹਰ ਬਿਨੈਕਾਰ ਉਸ ਦੁਕਾਨ ਜਿਸ ਨੂੰ ਉਹ ਲੀਜ਼ ਤੇ ਲੈਣ ਦਾ ਚਾਹਵਾਨ ਹੈ, ਲਈ ਇੱਕ ਹੀ ਬੇਨਤੀ ਪੱਤਰ ਦੇਵੇਗਾ ਅਤੇ ਦੁਕਾਨ ਦੇ ਬਿਨੈ ਪੱਤਰ ਨਾਲ ਲੜੀ ਨੰ.21 ਤੇ ਦਰਸਾਏ ਅਨੁਸਾਰ ਆਕਸ਼ਨ ਰਕਮ/ਈ.ਐਮ .ਡੀ.ਰਾਸ਼ੀ ਜਮ੍ਹਾਂ ਕਰਵਾਏਗਾ। ਆਕਸ਼ਨ ਲਈ ਦੱਸੇ ਗਏ ਸਮੇਂ ਸਾਰਣੀ ਅਨੁਸਾਰ ਬੋਲੀ ਸ਼ੁਰੂ ਕੀਤੀ ਜਾਵੇਗੀ। ਜੇਕਰ ਕਿਸੇ ਬੋਲੀਕਾਰ ਨੇ ਸਿਰਫ਼ ਇੱਕ ਦੁਕਾਨ ਲਈ ਹੀ ਬਿਨੈ ਪੱਤਰ ਦਿੱਤਾ ਹੈ ਅਤੇ ਉਹ ਬੋਲੀਕਾਰ ਇੱਕ ਦੁਕਾਨ ਦੀ ਸਫ਼ਲ ਬੋਲੀ ਮੁਕੰਮਲ ਹੋਣ ਉਪਰੰਤ ਉਸ ਦੁਕਾਨ ਲਈ ਆਪਣੀ ਬਣਦੀ ਰਾਸ਼ੀ ਜਮ੍ਹਾਂ ਕਰਵਾ ਦਿੰਦਾ ਹੈ ਤਾਂ ਉਸ ਤੋਂ ਬਅਦ ਉਹੀ ਸਫ਼ਲ ਦੁਕਾਨਦਾਰ ਉਸੇ ਬੋਲੀ ਦੌਰਾਨ ਕਿਸੇ ਦੂਜੀ ਦੁਕਾਨ ਲੈਣ ਲਈ ਵੀ ਚਾਹਵਾਨ ਹੋ ਜਾਂਦਾ ਹੈ ਤਾਂ ਉਹ ਅਤੇ ਉਸੇ ਦੁਕਾਨ ਵਿੱਚ ਹਿੱਸਾ ਲੈਣ ਵਾਲੇ ਬਾਕੀ ਦੇ ਬਿਨੈਕਾਰ ਦੂਸਰੀਆਂ ਦੁਕਾਨਾਂ ਲਈ ਵੀ ਬੋਲੀ ਦੇ ਸਕਦੇ ਹਨ ਪਰ ਇਸ ਲਈ ਉਨ੍ਹਾਂ ਨੂੰ ਉਸ ਦੁਕਾਨ ਲਈ ਲੋੜੀਂਦੀ ਆਕਸ਼ਨ ਦੀ ਰਕਮ/ਈ.ਐਮ.ਡੀ. ਦੀ ਰਾਸ਼ੀ ਅਤੇ ਆਕਸ਼ਨ ਦਸਤਾਵੇਜ਼ ਦੀ ਕੀਮਤ ਮੌਕੇ ਤੇ ਹੀ ਜਮ੍ਹਾਂ

ਕਰਵਾਉਣੀ ਹੋਵੇਗੀ। ਇੱਕ ਬੋਲੀਕਾਰ ਵੱਧ ਤੋਂ ਵੱਧ ਤਿੰਨ (02) ਦੁਕਾਨਾਂ ਲਈ ਬਿਨੈ ਪੱਤਰ/ਬੋੱਲੀ ਦੇ ਸਕਦਾ ਹੈ। ਅਧੂਰੇ ਫ਼ਾਰਮ ਜਿਵੇਂ ਕਿ ਰਿਹਾਇਸ਼ ਦਾ ਪੱਕਾ ਸਬੂਤ, ਫ਼ੋਟੋਗਰਾਫ਼ ਆਦਿ ਤੋਂ ਬਗੈਰ ਅਤੇ ਕੋਈ ਕਾਲਮ ਖਾਲੀ ਛੱਡਾ ਹੋਣ ਜਾਂ ਗਲਤ ਵੇਰਵਾ ਦੇਣ ਜਾਂ ਫ਼ਾਰਮ ਦੇ ਹਰ ਪੰਨੇ ਉਪਰ ਹਸਤਾਖ਼ਰ ਨਾ ਕੀਤੇ ਹੋਣ ਦੀ ਸੂਰਤ ਵਿੱਚ ਫ਼ਾਰਮ ਰੱਦ ਕਰ ਦਿੱਤਾ ਜਾਵੇਗਾ।

3 ਬਿਜਲੀ ਦਾ ਮੀਟਰ ਪੱਕੇ ਤੌਰ ਦੇ ਲੱਗਿਆ ਹੋਵੇਗਾ ਅਤੇ ਉਸ ਦੀ ਸਕਿਊਰਟੀ ਵਜੋਂ ਇਕ ਹਜ਼ਾਰ ਰੁਪਏ ਹੋਰ ਜਮ੍ਹਾਂ ਕਰਵਾਉਣੇ ਹੋਣਗੇ ਅਤੇ ਬਿਜਲੀ ਦੇ ਖਰਚੇ ਦੀ ਰਕਮ, ਮੀਟਰ ਰੀਡਿੰਗ ਦੇ ਅਨੁਸਾਰ ਕੀਤੀ ਜਾਵੇਗੀ। ਮੀਟਰ ਖ਼ਰਾਬ ਹੋਣ ਦੀ ਸੂਰਤ ਵਿੱਚ ਬਿਜਲੀ ਦੇ ਖਰਚੇ ਦਾ ਫ਼ੈਸਲਾ ਡਾਇਰੈਕਟਰ ਵੱਲੋਂ ਕੀਤਾ ਜਾਵੇਗਾ ਅਤੇ ਉਸ ਮੀਟਰ ਦੀ ਮੁਰੰਮਤ ਦੁਕਾਨਦਾਰ ਖੁਦ ਆਪਣੇ ਖ਼ਰਚੇ ਤੇ ਕਰਵਾਏਗਾ। ਬਿਜਲੀ ਦੇ ਖ਼ਰਚੇ ਵਿੱਚ ਕਾਲਜ ਵੱਲੋਂ ਕਿਸੇ ਵੀ ਸਮੇਂ ਬਿਨਾਂ ਕਿਸੇ ਜਾਣਕਾਰੀ ਦੇ ਫ਼ੇਰਬਦਲ ਕੀਤਾ ਜਾ ਸਕਦਾ ਹੈ।

4 ਦੁਕਾਨ ਦੇ ਵਿੱਚ ਕਾਲਜ ਵੱਲੋਂ ਲਗਾਏ ਗਏ ਬਿਜਲੀ ਦੇ ਪੱਖੇ ਅਤੇ ਟਿਊਬ ਲਾਈਟਾਂ ਦੀ ਫ਼ਿਟਿੰਗ ਦਾ ਖਰਚਾ (ਜੋ ਕਿ 250 ਰੁਪਏ ਪ੍ਰਤੀ ਪੱਖਾ ਅਤੇ 80 ਰੁਪਏ ਪ੍ਰਤੀ ਟਿਊਬ ਸਲਾਨਾ ਨਿਰਧਾਰਤ ਹੈ) ਦੁਕਾਨ ਲੀਜ਼ ਤੇ ਲੈਣ ਤੋ ਪਹਿਲਾਂ ਲੇਖ਼ਾ ਸ਼ਾਖ਼ਾ ਵਿੱਚ ਜਮ੍ਹਾਂ ਕਰਵਾਉਣਾ ਹੋਵੇਗਾ।

5 ਦੁਕਾਨਦਾਰ ਵੱਲੋਂ 15 ਰੁਪਏ ਜਾਂ ਜਿਵੇਂ ਲਾਗੂ ਹੋਵੇ ਦੇ ਅਸ਼ਟਾਮ ਪੇਪਰ ਤੇ ਮਹੀਨਾਵਾਰ ਕਿਰਾਇਆ ਦੇਣ ਬਾਰੇ ਅਤੇ ਹੋਰ ਸ਼ਰਤਾਂ ਬਾਰੇ ਇਕਰਾਰਨਾਮਾ (ਮੈਜਿਸਟਰੇਟ ਪਹਿਲਾ ਦਰਜਾ, ਨੋਟਰੀ ਪਾਸੋਂ ਤਸਦੀਕਸ਼ੁਦਾ) ਡਾਇਰੈਕਟਰ ਸ਼ਹੀਦ ਭਗਤ ਸਿੰਘ ਸਟੇਟ ਟੈਕਨੀਕਲ ਕੈਂਪਸ ਫ਼ਿਰੋਜ਼ਪੁਰ ਨਾਲ ਕੀਤਾ ਜਾਵੇਗਾ ਅਤੇ ਇਸ ਦੇ ਉਪਰੰਤ ਹੀ ਦੁਕਾਨ ਦੀਆਂ ਚਾਬੀਆਂ ਦੁਕਾਨਦਾਰ ਨੂੰ ਦਿੱਤੀਆਂ ਜਾਣਗੀਆਂ।

ਦੁਕਾਨਦਾਰ ਨੂੰ ਬੋਲੀ ਦੇਣ ਦੇ ਬਾਅਦ 07 ਦਿਨਾਂ ਦੇ ਅੰਦਰ ਅੰਦਰ ਜਾਂ ਜਿਵੇਂ ਆਕਸ਼ਨ ਕਮੇਟੀ ਚਾਹਵੇ ਇਕਰਾਰਨਾਮਾ ਲਿਖ ਕੇ ਦੇਣਾ ਪਵੇਗਾ ਜਿਸਦਾ ਖਰਚਾ ਬਿਨੈਕਾਰ ਦਾ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਨੂੰ ਅਲਾਟ ਕੀਤੀ ਗਈ ਦੁਕਾਨ ਦੀ ਅਲਾਟਮੈਂਟ ਰੱਦ ਕਰ ਦਿੱਤੀ ਜਾਵੇਗੀ ਅਤੇ ਉਸ ਦੀ



ਆਕਸ਼ਨ/ਬਿਆਨੇ ਦੀ ਰਕਮ ਵੀ ਜ਼ਬਤ ਕਰ ਲਈ ਜਾਵੇਗੀ। ਦੁਕਾਨ ਦੂਜੇ ਨੰਬਰ ਦੇ ਸਭ ਤੋਂ ਵੱਧ ਬੋਲੀ ਦੇਣ ਵਾਲੇ ਬਿਨੈਕਾਰ ਨੂੰ ਅਲਾਟ ਕਰ ਦਿੱਤੀ ਜਾਵੇਗੀ। ਇਕਰਾਰਨਾਮਾ ਕਰਨ ਸੰਬੰਧੀ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਦਿੱਤੀ ਜਾਵੇਗੀ।

6 ਸਫ਼ਲ ਬੋਲੀ ਦਾਤਾ ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਉਹ ਕਾਲਜ ਦੁਆਰਾ ਨਿਰਧਾਰਤ ਮਿਤੀ ਤੋਂ ਦੁਕਾਨ ਦੀ ਸ਼ੁਰੂਆਤ ਕਰੇਗਾ। ਅਸਫ਼ਲ ਹੋਣ ਦੀ ਸੂਰਤ ਵਿੱਚ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਸਾਰੀ ਰਕਮ (ਲਾਇਸੰਸ ਫ਼ੀਸ/ਸਕਿਊਰਟੀ ਆਦਿ) ਰਕਮ ਜ਼ਬਤ ਕਰ ਲਈ ਜਾਵੇਗੀ ਅਤੇ ਦੂਜੇ (ਉਸ ਤੋ ਅਗਲੇ) ਨੰਬਰ ਦੇ ਬੋਲੀਦਾਤਾ ਨੂੰ ਮੌਕਾ ਦਿੱਤਾ ਜਾਵੇਗਾ। ਇਸ ਦੀ ਜਿਮੇਵਾਰੀ ਦੁਕਾਨਦਾਰ ਦੀ ਹੋਵੇਗੀ। ਇਸ ਸੰਬੰਧੀ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਦਿੱਤੀ ਜਾਵੇਗੀ।

7 ਦੁਕਾਨਦਾਰ ਡਾਇਰੈਕਟਰ ਦੀ ਲਿਖ਼ਤ ਮਨਜ਼ੂਰੀ ਬਗੈਰ ਦੁਕਾਨ ਵਿੱਚ ਕਿਸੇ ਵੀ ਕਿਸਮ ਦੀ ਅਦਲਾ-ਬਦਲੀ ਨਹੀਂ ਕਰ ਸਕਦਾ। ਬਗੈਰ ਮਨਜ਼ੂਰੀ ਲਈ ਦੁਕਾਨ ਵਿੱਚ ਕਿਸੇ ਵੀ ਕਿਸਮ ਦੀ ਅਦਲਾ-ਬਦਲੀ ਕਰਨ ਦੀ ਸੂਰਤ ਵਿੱਚ ਦੁਕਾਨਦਾਰ ਵੱਲੋਂ ਲਿਆਈ ਗਈ ਤਬਦੀਲੀ ਨੂੰ ਮੁੜ ਤੋਂ ਦੁਕਾਨ ਨੂੰ ਮੂਲ ਰੂਪ ਵਿੱਚ ਲਿਆਉਣ ਲਈ ਕੀਤੇ ਜਾਣ ਵਾਲੇ ਖਰਚ ਤ੍ਰੋਂ ਤਿੰਨ ਗੁਣਾ ਹਰਜਾਨਾ ਕਿਰਾਏ ਦੇ ਨਾਲ ਜਮ੍ਹਾਂ ਕਰਵਾਉਣਾ ਪਵੇਗਾ। ਇਸ ਮਕਸਦ ਲਈ ਡਾਇਰੈਕਟਰ ਵੱਲੋਂ ਨਾਮਜ਼ਦ ਅਧਿਕਾਰੀ/ਰਕਮਚਾਰੀ ਨੂੰ ਸਮੇਂ ਸਮੇਂ ਤੇ ਦੁਕਾਨ ਦੇ ਅੰਦਰ ਦਾਖਲ ਹੋ ਕੇ ਨਿਰੀਖਣ ਕਰਨ ਦਾ ਪੂਰਾ ਅਧਿਕਾਰ ਹੋਵੇਗਾ।

8 ਦੁਕਾਨਦਾਰ ਹਰ ਆਉਣ ਵਾਲੇ ਮਹੀਨੇ ਦੀ 07 ਤਾਰੀਖ ਤੱਕ ਬਿਜਲੀ ਦੇ ਬਿਲ ਕਾਲਜ ਦੀ ਮੇਟੀਨੈਂਸ ਸੈਕਸ਼ਨ/ਲੇਖਾ ਸ਼ਾਖ਼ਾ ਵਿੱਚ ਜਮ੍ਹਾਂ ਕਰਵਾਏਗਾ ਅਤੇ ਇਸ ਦੀ ਰਸੀਦ ਦੀ ਇੱਕ ਫ਼ੋਟੋ ਕਾਪੀ ਅਸਟੇਟ ਦਫ਼ਤਰ

ਅਤੇ ਮੇਂਟੀਨੈਂਸ ਵਿਭਾਗ ਨੂੰ ਕਾਰਵਾਈ ਲਈ ਜਮ੍ਹਾਂ ਕਰਵਾਏਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਦੀ ਦੁਕਾਨ ਦੀ ਬਿਜਲੀ ਸਪਲਾਈ ਕੱਟ ਦਿੱਤੀ ਜਾਵੇਗੀ।

9 ਲੜੀ ਨੰ. 18 ਵਿੱਚ ਵਰਨਣ ਅਨੁਸਾਰ ਦੁਕਾਨ ਦਾ ਕਿਰਾਇਆ ਇੱਕ ਸਾਲ ਲਈ ਐਡਵਾਂਸ ਵਸੂਲ ਕੀਤਾ ਜਵੇਗਾ ਅਤੇ ਇਹ ਸਮਾਂ ਪੂਰਾ ਹੋਣ ਉਪਰੰਤ ਅਗਲੇ ਸਾਲ ਲਈ ਐਡਵਾਂਸ ਲਾਇਸੰਸ ਫ਼ੀਸ ਦੁਕਾਨਦਾਰ ਨੇ ਸਮਾਂ ਪੂਰਾ ਹੋਣ ਤੋਂ ਇੱਕ ਮਹੀਨਾ ਪਹਿਲਾਂ ਜਮ੍ਹਾਂ ਕਰਵਾਉਣੀ ਹੋਵੇਗੀ। ਜੇਕਰ ਦੁਕਾਨਦਾਰ ਕਿਸੇ ਵੀ ਕਾਰਣ ਕਰਕੇ ਇਹ ਲਾਇਸੰਸ ਫ਼ੀਸ 1 ਮਹੀਨੇ ਦੇ ਅੰਦਰ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਦੁਕਾਨ ਦੀ ਤਾਲਾਬੰਦੀ ਕਰ ਦਿੱਤੀ ਜਾਵੇਗੀ। ਉਸ ਦੁਕਾਨ ਨੂੰ ਖ਼ਾਲੀ ਕਰਨ ਦਾ ਨੋਟਿਸ ਜਾਰੀ ਕੀਤਾ ਜਾਵੇਗਾ। ਜੇਕਰ ਨੋਟਿਸ ਪੀਰੀਅਡ ਦੌਰਾਨ ਉਸ ਦੁਕਾਨ ਦੀ ਇਹ ਰਕਮ ਜੁਰਮਾਨੇ (ਲਾਇਸੰਸ ਫ਼ੀਸ ਦਾ 10 ਪ੍ਰਤੀਸ਼ਤ) ਸਹਿਤ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਨੋਟਿਸ ਪੀਰੀਅਡ ਤੋਂ ਬਾਅਦ ਉਸ ਦਾ ਦੁਕਾਨ ਵਿਚਲਾ ਸਮਾਨ ਅਤੇ ਜਮ੍ਹਾਂ ਕਰਵਾਈ ਗਈ ਸਾਰੀ ਸਕਿਉਰਟੀ ਦੀ ਰਕਮ ਜ਼ਬਤ ਕਰ ਲਈ ਜਾਵੇਗੀ ਅਤੇ ਦੁਕਾਨ ਖ਼ਾਲੀ ਘੋਸ਼ਿਤ ਕਰ ਦਿੱਤੀ ਜਾਵੇਗੀ।

10 ਦੁਕਾਨਦਾਰ ਬਿਨਾ ਸੂਚਨਾ ਦੇ ਦੁਕਾਨ ਨੂੰ ਇੱਕ ਮਹੀਨੇ ਤੋਂ ਵੱਧ ਬੰਦ ਨਹੀਂ ਕਰ ਸਕੇਗਾ। ਜੇਕਰ ਇਸ ਤਰਾਂ ਹੋਇਆ ਤਾਂ ਦੁਕਾਨ ਖ਼ਾਲੀ ਘੋਸ਼ਿਤ ਕਰ ਦਿੱਤੀ ਜਾਵੇਗੀ ਅਤੇ ਜਮਾਨਤੀ ਰਕਮ ਜ਼ਬਤ ਕਰ ਲਈ ਜਾਵੇਗੀ।

11 ਜੇਕਰ ਦੁਕਾਨ ਦਾ ਚਾਰਜ ਲੈਣ ਸੰਬੰਧੀ ਕੋਈ ਮਾਮਲਾ/ਝਗੜਾ ਹੋਵੇਗਾ ਤਾਂ ਉਸ ਵਿੱਚ ਡਾਇਰੈਕਟਰ, ਸ਼ਹੀਦ ਭਗਤ ਸਿੰਘ ਸਟੇਟ ਟੈਕਨੀਕਲ ਕੈਂਪਸ ਫ਼ਿਰੋਜ਼ਪੁਰ ਦਾ ਫ਼ੈਸਲਾ ਸਹੀ ਅਤੇ ਆਖ਼ਰੀ ਮੰਨਿਆ ਜਾਵੇਗਾ।

12 ਜੇਕਰ ਇਹ ਪਤਾ ਲੱਗਦਾ ਹੈ ਕਿ ਬੋਲੀ ਆਪਸ ਵਿੱਚ ਮਿਲ ਦੇ ਜਾਂ ਰਾਏ ਕਰਕੇ ਦਿੱਤੀ ਹੈ ਤਾਂ ਪਹਿਲੇ ਬੋਲੀਕਾਰ ਦੀ ਜਮਾਨਤ ਜ਼ਬਤ ਕਰ ਲਈ ਜੋਵਗੀ ਅਤੇ ਉਸ ਨੂੰ ਬਲੈਕਲਿਸਟ ਕਰ ਦਿੱਤਾ ਜਾਵੇਗਾ ਅਤੇ ਉਸ ਨੂੰ ਅੱਗੇ ਤੋਂ ਬੋਲੀ ਦੇਣ ਲਈ ਡੀ-ਬਾਰ ਕਰ ਦਿੱਤਾ ਜਾਵੇਗਾ।

13 ਦੁਕਾਨਦਾਰ ਆਪਣੀ ਦੁਕਾਨ ਦੇ ਇਕਰਾਰਨਾਮੇ ਦੇ ਸਮੇਂ ਦੀ ਮਿਆਦ ਖ਼ਤਮ ਹੋਣ ਤੋਂ ਦੋ ਮਹੀਨੇ ਪਹਿਲਾਂ ਮਿਆਦ ਵਧਾਉਣ ਲਈ ਬੇਨਤੀ ਪੱਤਰ ਦੇ ਸਕਦਾ ਹੈ। ਪਰੰਤੂ ਇਸ ਬੇਨਤੀ ਨੂੰ ਸਵੀਕਾਰ ਜਾਂ ਅਸਵੀਕਾਰ



ਕਰਨ ਦਾ ਅਧਿਕਾਰ ਡਾਇਰੈਕਟਰ, ਸ਼ਹੀਦ ਭਗਤ ਸਿੰਘ ਸਟੇਟ ਟੈਕਨੀਕਲ ਕੈਂਪਸ ਫ਼ਿਰੋਜ਼ਪੁਰ ਪਾਸ ਰਾਖਵਾਂ ਹੋਵੇਗਾ।ਬੇਨਤੀ ਪੱਤਰ ਸਵੀਕਾਰ ਹੋਣ ਦੀ ਸੂਰਤ ਵਿੱਚ 10 ਪ੍ਰਤੀਸ਼ਤ ਸਲਾਨਾ ਵਾਧੇ ਨਾਲ ਦੁਕਾਨ ਨੂੰ ਇੱਕ ਸਾਲ ਵਾਸਤੇ ਹੋਰ ਰੱਖਿਆ ਜਾ ਸਕਦਾ ਹੈ।

14 ਦੁਕਾਨਦਾਰ ਕਿਸੇ ਵੀ ਕਿਸਮ ਦੀ ਵਰਕਸ਼ਾਪ, ਆਟਾ ਚੱਕੀ ਜਾਂ ਕੋਈ ਹੋਰ ਅਜਿਹਾ ਕੰਮ ਨਹੀਂ ਕਰੇਗਾ ਜਿਸ ਦੇ ਨਾਲ ਦੁਕਾਨ/ਬਿਲਡਿੰਗ ਖ਼ਰਾਬ ਹੋਵੇ ਅਤੇ ਨਾ ਹੀ ਕੋਈ ਬਿਜਲੀ ਦੀ ਮੋਟਰ ਲਗਾਵੇਗਾ।

15 ਦੁਕਾਨਦਾਰ ਆਪਣੀ ਦੁਕਾਨ ਦੇ ਬਾਹਰ ਰੇਟ ਲਿਸਟ ਲਗਾਵੇਗਾ ਅਤੇ ਇਹ ਸਰਟੀਫ਼ਿਕੇਟ ਵੀ ਲਗਾਏਗਾ ਕਿ ਇਹ ਰੇਟ ਲਿਸਟ ਮਾਰਕੀਟ ਦੇ ਰੇਟਾਂ ਨਾਲੋਂ ਵੱਧ ਨਹੀਂ ਹੋਵੇਗੀ। ਜੇਕਰ ਰੇਟ ਵਾਜਬ ਨਾ ਪਾਏ ਗਏ ਤਾਂ ਦੁਕਾਨ ਦੀ ਅਲਾਟਮੈਂਟ ਰੱਦ ਕਰ ਦਿੱਤੀ ਜੋਵਗੀ ਅਤੇ ਸਾਰੀ ਲਾਇਸੰਸ ਫ਼ੀਸ ਰਕਮ ਅਤੇ ਸਕਿਉਰਟੀ ਦੀ ਰਕਮ ਜਬਤ ਕਰ ਲਈ ਜਾਵੇਗੀ।

16 ਦੁਕਾਨਦਾਰ ਦੁਕਾਨ ਵਿੱਚ ਕਿਸੇ ਵੀ ਕਿਸਮ ਦੇ ਗੈਰ ਕਨੂੰਨੀ ਸਮਾਨ ਦੀ ਵਿਕਰੀ ਨਹੀਂ ਕਰੇਗਾ ਅਤੇ ਸਰਕਾਰ ਵੱਲੋਂ ਸਮੇਂ ਸਮੇਂ ਤੇ ਘੋਸ਼ਿਤ ਕਨੂੰਨਾ ਦੀ ਪਾਲਣਾ ਕਰੇਗਾ। ਦੁਕਾਨ ਵਿੱਚ ਕਿਸੇ ਵੀ ਕਿਸਮ ਦੇ ਨਸ਼ੀਲੇ ਪਦਾਰਥ ਜਾਂ ਕਿਸੇ ਵੀ ਕਿਸਮ ਦੀਆਂ ਨਸ਼ੀਲੀਆਂ ਜਾਂ ਵਰਜਿਤ ਚੀਜਾਂ ਜਿਵੇਂ ਕਿ ਸ਼ਰਾਬ, ਡਰੱਗਜ਼, ਤੰਬਾਕੂ ਸਿਗਰਟ ਆਦਿ ਨਹੀਂ ਰੱਖੇਗਾ ਅਤੇ ਨਾ ਹੀ ਇਸ ਦੀ ਵਿਕਰੀ ਕਰੇਗਾ।

17 ਦੁਕਾਨਦਾਰ ਇਨ੍ਹਾਂ ਦੁਕਾਨਾਂ ਵਿੱਚ ਵਿਦਿਆਰਥੀਆਂ ਅਤੇ ਸਟਾਫ਼ ਦੀ ਜਰੂਰਤ ਨਾਲ ਸੰਬੰਧਤ ਵਸਤਾਂ ਜਿਵੇਂ ਕਿ ਕੰਟੀਨ, ਫ਼ੋਟੋ ਸਟੇਟ/ਸਟੇਸ਼ਨਰੀ, ਕੰਨਫ਼ੈਕਸ਼ਨਰੀ, ਜੂਸ ਆਦਿ ਜਨਹਿਤ ਵਿੱਚ ਆਉਣ ਵਾਲੀਆਂ ਵਸਤਾਂ ਵੇਚ

ਸਕਦਾ ਹੈ। ਕਿਸੇ ਵੀ ਕਿਸਮ ਦੀ ਜਨਹਿਤ ਲਈ ਇਤਰਾਰਯੋਗ ਵਸਤੂ ਦੀ ਵਿਕਰੀ ਤੁਰੰਤ ਬੰਦ ਕਰਨ ਦਾ ਅਧਿਕਾਰ ਇਸ ਕੈਂਪਸ ਦੇ ਅਸਟੇਟ ਆਫ਼ਿਸ ਪਾਸ ਰਾਖਵਾਂ ਹੈ।

18 ਆਕਸ਼ਨ ਰਕਮ/ਈ.ਐਮ.ਡੀ ਦੀ ਰਕਮ ਜੋ ਕਿ ਲੜੀ ਨੰ.21 ਉਪਰ ਦਰਸਾਈ ਗਈ ਹੈ ਉਹ ਬੋਲੀਕਾਰ ਨੂੰ ਬੋਲੀ ਤੋਂ ਪਹਿਲਾਂ ਆਪਣੀ ਅਰਜ਼ੀ ਦੇ ਨਾਲ ਮੌਕੇ ਤੇ ਹੀ ਨਕਦ ਰੂਪ ਵਿੱਚ ਆਕਸ਼ਨ ਕਮੇਟੀ ਨੂੰ ਜਮ੍ਹਾਂ ਕਰਵਾਉਣੀ ਹੋਵੇਗੀ ਅਤੇ ਉਸ ਤੋਂ ਬਾਅਦ ਹੀ ਬੋਲੀਕਾਰ ਬੋਲੀ ਦੇ ਸਕਦਾ ਹੈ। ਇਕ ਦੁਕਾਨ ਦੀ ਬੋਲੀ ਮੁਕੰਮਲ ਹੋਣ ਉਪਰੰਤ ਪਹਿਲੇ ਦੋ ਸਫ਼ਲ ਬੋਲੀਕਾਰ ਦੀ ਆਕਸ਼ਨ ਰਕਮ/ਈ.ਐਮ.ਡੀ ਰਾਸ਼ੀ ਰੱਖ ਦੇ ਬਾਕੀ ਦੇ ਅਸਫ਼ਲ ਬੋਲੀਕਾਰਾਂ ਇਹ ਰਾਸ਼ੀਆਂ ਕਾਲਜ ਨਿਯਮਾਂ ਅਨੁਸਾਰ ਵਾਪਸ ਕਰ ਦਿੱਤੀਆਂ ਜਾਣਗੀਆਂ। ਸਫ਼ਲ ਬੋਲੀਕਾਰ ਨੂੰ ਦੁਕਾਨ ਦਾ ਇਕਰਾਰਨਾਮਾ ਕਰਨ ਲਈ 7 ਦਿਨ ਦਾ ਸਮਾਂ ਦਿੱਤਾ ਜਾਵੇਗਾ। ਇਸ ਸਮੇਂ ਦੌਰਾਨ ਜੇਕਰ ਸਫ਼ਲ ਬੋਲੀਕਾਰ ਇਕਰਾਰਨਾਮਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਤਾਂ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਆਕਸ਼ਨ ਰਕਮ/ਈ.ਐਮ.ਡੀ ਦੀ ਰਕਮ ਜ਼ਬਤ ਕਰ ਲਈ ਜਾਵੇਗੀ ਇਸ ਲਈ ਉਸ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਦਿੱਤੀ ਜਾਵੇਗੀ। ਉਸ ਤੋਂ ਬਾਅਦ ਦੂਜੇ ਨੰ.ਦੇ ਬੋਲੀਕਾਰ ਨੂੰ ਮੌਕਾ ਦਿੱਤਾ ਜਾਵੇਗਾ

ਸਫ਼ਲ ਬੋਲੀਕਾਰ ਦੀ ਆਕਸ਼ਨ ਰਕਮ/ ਈ.ਐਮ.ਡੀ.ਦੀ.ਰਕਮ ਦੁਕਾਨ ਦੀ ਸਕਿਉਰਟੀ ਵਜੋਂ ਦੁਕਾਨ ਦੀ ਮਿਆਦ ਖ਼ਤਮ ਹੋਣ ਤੱਕ ਰੱਖੀ ਜਾਵੇਗੀ। ਇੱਕ ਸਾਲ ਦੀ ਲਾਇਸੰਸ ਫ਼ੀਸ ਸਫ਼ਲ ਬੋਲੀਦਾਤਾ ਨੂੰ ਯਕਮੁਸ਼ਤ ਬੋਲੀ ਖ਼ਤਮ ਹੋਣ ਦੇ ਤੁਰੰਤ ਬਾਅਦ ਜਾਂ ਜਿਵੇਂ ਆਕਸ਼ਨ ਕਮੇਟੀ ਦਾ ਫ਼ੈਸਲਾ ਹੋਵੇ ਜਮ੍ਹਾਂ ਕਰਵਾਉਣੀ ਹੋਵੇਗੀ।

19 ਜੇਕਰ ਜਰੂਰੀ ਹੋਇਆ ਤਾਂ ਕਾਲਜ ਵੱਲੋਂ ਸਿਰਫ਼ ਇੱਕ ਵਾਰ ਦੁਕਾਨ ਦੀ ਲੋੜੀਂਦੀ ਮੁਰੰਮਤ ਕਰਨ ਉਪਰੰਤ ਸਫ਼ੈਦੀ ਆਦਿ ਕਰਵਾਈ ਜਾਵੇਗੀ। ਇਸ ਤੋਂ ਬਾਅਦ ਦੁਕਾਨ ਦੇ ਰੱਖ ਰਖਾਵ ਅਤੇ ਸਾਂਭ ਸੰਭਾਲ ਦਾ ਜਿੰਮੇਵਾਰੀ ਦਕਾਨਦਾਰ ਦੀ ਹੋਵੇਗੀ।

20 ਦੁਕਾਨਦਾਰ ਦੁਕਾਨ ਦੇ ਆਲੇ-ਦੁਆਲੇ ਦੀ ਸਫ਼ਾਈ ਲਈ ਖੁਦ ਜਿੰਮੇਵਾਰ ਹੋਵੇਗਾ। ਉਹ ਦੁਕਾਨ ਦੇ ਆਲੇ ਦੁਆਲੇ ਕੂੜੇਦਾਨ ਦਾ ਪ੍ਰਬੰਧ ਕਰੇਗਾ ਅਤੇ ਇਨ੍ਹਾਂ ਕੂੜਾਦਾਨਾ ਵਿਚਲੇ ਕੂੜੇ ਨੂੰ ਯੋਗ ਸਥਾਨ ਤੇ ਡਿਸਪੋਜਆਫ਼ ਕਰਨ ਦੀ ਜਿੰਮੇਵਾਰੀ ਵੀ ਦੁਕਾਨਦਾਰ ਦੀ ਹੋਵੇਗੀ।



21 ਬੋਲੀਦਾਤਾਵਾਂ ਲਈ ਵੱਖ ਵੱਖ ਦੁਕਾਨਾਂ ਦੀ ਆਕਸ਼ਨ ਰਕਮ/ਈ.ਐਮ.ਡੀ.ਦੀ ਰਕਮ (ਅਡਜਸਟੇਬਲ), ਸਕਿਉਰਟੀ ਦੀ ਰਕਮ ਅਤੇ ਘੱਟੋ ਘੱਟ ਸਰਕਾਰੀ ਬੋਲੀ ਹੇਠ ਲਿਖੇ ਅਨੁਸਾਰ ਹਨ :

| ਲੜੀ ਨੰ | ਦੁਕਾਨ ਨੰ. | ਦੁਕਾਨ ਦਾ ਏਰੀਆ | ਆਕਸ਼ਨ ਰਕਮ/ਈ.ਐਮ.ਡੀ.ਦੀ ਰਕਮ (ਸਕਿਉਰਟੀ ਵਿੱਚ ਅਡਜਸਟੇਬਲ) |
|---|---|---|---|
| 1 | 01ਤੋਂ 04 | 525 ਸਕੇ.ਫੁਟ (ਕੰਟੀਨ) | 10,000/- ਰੁਪਏ ਹਰੇਕ |
| 2 | | ਬਾਕੀ 135 ਸਕੇ ਫੁੱਟ | |

ਦੁਕਾਨਾਂ ਦੀ ਸਰਕਾਰੀ ਬੋਲੀ (ਸਲਾਨਾ ਲਾਇਸੰਸ ਫ਼ੀਸ) ਹੇਠ ਲਿਖੇ ਅਨੁਸਾਰ ਰੱਖੀ ਗਈ ਹੈ:-

| ਲੜੀ ਨੰ. | ਦੁਕਾਨ ਨੰ. | ਦੁਕਾਨ ਦਾ ਏਰੀਆ | ਘੱਟੋ ਘੱਟ ਸਰਕਾਰੀ ਬੋਲੀ |
|---|---|---|---|
| 1 | 02,03,04 | 135 ਸਕੇ ਫੁੱਟ | 30,000/- ਰੁਪਏ ਸਲਾਨਾ |

22 ਨੋਟ: ਇਸ ਬੋਲੀ ਵਿੱਚ ਸਿਰਫ਼ ਉਹੀ ਵਿਅਕਤੀ ਖ਼ੁਦ ਹਿੱਸਾ ਲੈ ਸਕਦਾ ਹੈ ਜਿਹੜਾ ਖ਼ੁਦ ਦੁਕਾਨ ਚਲਾਵੇਗਾ, ਉਹ ਖ਼ੁਦ ਇਸ ਦੁਕਾਨ ਉਪਰ ਹਾਜ਼ਰ ਰਹੇਗਾ, ਅਤੇ ਇਸ ਸੰਬੰਧੀ ਹਲਫ਼ੀਆ ਬਿਆਨ ਵੀ ਦੇਵੇਗਾ। ਅਜਿਹਾ ਨਾ ਕਰਨ ਦੀ

**ਸੂਰਤ ਵਿੱਚ ਕਾਲਜ ਵੱਲੋਂ ਚੈਕਿੰਗ ਦੌਰਾਨ ਬਿਨਾਂ ਕਿਸੇ ਅਗਾਊਂ ਸੂਚਨਾ ਦੇ ਉਸ ਦੀ ਦੁਕਾਨ ਦੀ ਅਲਾਟਮੈਂਟ ਮਨਸੂਖ਼ ਕਰ ਦਿੱਤੀ ਜਾਵੇਗੀ ਅਤੇ ਉਸ ਦੀ ਉਪਰੋਕਤ ਅਨੁਸਾਰ ਜ਼ਮਾਨਤੀ ਰਕਮ ਜ਼ਬਤ ਕਰ ਲਈ ਜਾਵੇਗੀ।**

_ਬੋਲੀ 500 ਰੁਪਏ ਦੇ ਗੁਣਾਂਕ ਵਿੱਚ ਦਿੱਤੀ ਜਾਵੇਗੀ।

1 ਇਹ ਦੁਕਾਂਨਾਂ ਦੋ ਸਾਲ ਲਈ ਸਲਾਨਾ ਲਾਇਸੰਸ ਫ਼ੀਸ ਤੇ ਦਿੱਤੀਆਂ ਜਾਣਗੀਆਂ। ਇਸ ਤੋਂ ਬਾਅਦ

ਅੱਗੇ ਇੱਕ ਸਾਲ ਲਈ 10 ਪ੍ਰਤੀਸ਼ਤ ਵਾਧੇ ਨਾਲ ਦੁਕਾਨਦਾਰ ਦੀ ਤਸੱਲੀਬਖ਼ਸ਼ ਕਾਰਗੁਜ਼ਾਰੀ ਜੇਕਰ ਹੋਵੇ, ਤਾਂ ਡਾਇਰੈਕਟਰ SBSSTC ਦੁਆਰਾ ਕਾਲਜ ਦੀ ਜਰੂਰਤ .ਅਤੇ ਲਾਇਸੰਸ ਫ਼ੀਸ ਨੂੰ ਨੂੰ ਧਿਆਨ ਵਿੱਚ ਰੱਖਦੇ ਹੋਏ, ਇੱਕ ਸਾਲ ਹੋਰ ਸਮਾਂ ਵਧਾਉਣ ਤੇ ਵਿਚਾਰ ਕੀਤਾ ਜਾ ਸਕਦਾ ਹੈ।

2 ਦੁਕਾਨ ਦੀ ਬੋਲੀ ਵਿੱਚ ਹਿੱਸਾ ਲੈਣ ਲਈ ਬਿਨੈਕਾਰ ਖ਼ੁਦ ਹਾਜ਼ਰ ਹੋਵੇਗਾ।

3 **ਬੋਲੀਦਾਤਾ ਕੋਲ ਬੋਲੀ ਦਿੰਦੇ ਸਮੇਂ ਉਸ ਦਾ ਆਪਣਾ ਸ਼ਨਾਖ਼ਤੀ ਪੱਤਰ, ਪੈਨ ਕਾਰਡ, ਆਧਾਰ ਕਾਰਡ, ਬੈਂਕ ਅਕਾਊਂਟ ਨੰਬਰ ਅਤੇ ਇਨ੍ਹਾਂ ਦੀਆਂ ਫ਼ੋਟੋ ਕਾਪੀਆਂ ਹੋਣੀਆਂ ਚਾਹੀਦੀਆਂ ਹਨ।**

4 ਬੋਲੀ ਦੇਣ ਸਮੇਂ ਸਿਰਫ਼ ਬੋਲੀ ਦਾਤਿਆਂ/ਬਿਨੈਕਾਰਾਂ ਨੂੰ (ਜਿਸ ਦੁਕਾਨ ਦੀ ਉਹ ਬੋਲੀ ਦੇ ਰਹੇ ਹਨ) ਹੀ ਹਾਲ ਵਿੱਚ ਕਮੇਟੀ ਦੇ ਸਾਹਮਣੇ ਬੈਠਣ ਦੀ ਆਗਿਆ ਹੋਵੇਗੀ ਇਸ ਤੋਂ ਇਲਾਵਾ ਬਾਕੀ ਦੀਆਂ ਦੁਕਾਨਾਂ ਦੇ ਬੋਲੀਕਾਰ ਅਤੇ ਹੋਰ ਕੋਈ ਵਿਅਕਤੀ ਮੌਜੂਦ ਨਹੀਂ ਹੋਵੇਗਾ।

5 ਖੀਣ ਪੀਣ ਵਾਲੀਆਂ ਵਸਤਾਂ ਦੀ ਕਆਲਿਟੀ ਦੇ ਸੰਬੰਧ ਵਿੱਚ ਸਰਕਾਰ ਦੁਆਰਾ ਦਿੱਤੀਆਂ ਗਈਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਦੁਕਾਨਦਾਰ ਵੱਲੋਂ ਕੀਤੀ ਜਾਣੀ ਅਤੀ ਜਰੂਰੀ ਹੋਵੇਗੀ।

6 ਉਪਰੋਕਤ ਇਕਰਾਰਨਾਮੇ ਵਿੱਚ ਜੇ ਕੋਈ ਝਗੜਾ ਹੈ ਤਾਂ ਇਹ ਕਾਲਜ ਦੇ ਆਰਬਿਟਰੇਟਰ ਨੂੰ ਸੌਂਪਿਆ ਜਾਵੇਗਾ ਅਤ ਉਸ ਦਾ ਫ਼ੈਸਲਾ ਮੰਨਣਯੋਗ ਹੋਵੇਗਾ।

7 ਉਪਰੋਕਤ ਸ਼ਰਤਾਂ ਤੋਂ ਇਲਾਵਾ ਆਕਸ਼ਨ ਕਮੇਟੀ ਬੋਲੀ ਦੇ ਮੌਕੇ ਤੇ ਜਿਹੜੀਆਂ ਜਰੂਰੀ ਸ਼ਰਤਾਂ ਹੋਰ ਸੁਣਾਉਂਦੀ ਹੈ ਤਾਂ ਉਹ ਵੀ ਇਸ ਡਾਕੂਮੈਂਟ ਦਾ ਹਿੱਸਾ ਮੰਨੀਆਂ ਜਾਣਗੀਆਂ ਅਤੇ ਇਸ ਬੋਲੀ ਤੇ ਪੂਰੀ ਤਰਾਂ ਲਾਗੂ ਹੋਣਗੀਆਂ। ਕਿਸੇ ਵੀ ਕਿਸਮ ਦੇ ਸਰਕਾਰੀ ਟੈਕਸ ਜਾਂ ਦੇਣਦਾਰੀਆਂ ਆਦਿ ਜਿਵੇਂ ਲਾਗੂ ਹੋਵੇ ਸੰਬੰਧਤ ਸਾਰੀ ਕਾਰਵਾਈ ਅ਼ਤੇ ਅਦਾ ਕਰਨ ਦੀ ਜਿੰਮੇਵਾਰੀ ਬੋਲੀਕਾਰ ਦੀ ਹੋਵੇਗੀ।

8 ਡਾਇਰੈਕਟਰ ਐਸ.ਬੀ ਐਸ.ਐਸ.ਟੀ.ਸੀ. ਨੂੰ ਬਿਨਾਂ ਕੋਈ ਕਾਰਣ ਦੱਸੇ ਕੋਈ ਵੀ ਫ਼ਾਰਮ ਨੂੰ ਅਸਵੀਕਾਰ ਕਰਨ ਜਾਂ ਕਿਸੇ ਵੀ ਦੁਕਾਂਨ ਦੀ ਬੋਲੀ ਰੱਦ ਕਰਨ/ਨਾ ਕਰਨ, ਆਕਸ਼ਨ ਕੀਤੀਆਂ ਜਾ ਰਹੀਆਂ ਦੁਕਾਨਾਂ ਦੀ



ਗਿਣਤੀ ਵੱਧ ਘੱਟ ਕਰਨ ਜਾਂ ਕਿਸੇ ਵੀ ਤਕਨੀਕੀ/ਪ੍ਰਬੰਧਕੀ ਕਾਰਣ ਕਰਕੇ ਸਾਰੀ ਜਾਂ ਕਿਸੇ ਵੀ ਇੱਕ ਦੁਕਾਨ ਦੀ ਬੋਲੀ ਰੱਦ ਕਰਨ ਜਾਂ ਬੋਲੀ ਲਈ ਤਾਰੀਖ਼ ਅੱਗੇ ਪਾਉਣ ਦਾ ਅਧਿਕਾਰ ਰਾਖਵਾਂ ਹੈ।

9 ਜੇਕਰ ਬੋਲੀ ਵਾਲੇ ਦਿਨ ਕਿਸੇ ਕਾਰਣ ਕਰਕੇ ਕਾਲਜ ਵਿੱਚ ਛੁੱਟੀ ਹੋ ਜਾਂਦੀ ਹੈ ਜਾਂ ਕਿਸੇ ਪ੍ਰਬੰਧਕੀ ਕਾਰਣ ਕਰਕੇ ਬੋਲੀ ਨਹੀਂ ਹੋ ਸਕੀ ਤਾਂ ਇਹ ਬੋਲੀ ਉਸ ਤੋਂ ਅਗਲੇ ਕਾਲਜ ਦੇ ਕੰਮ ਵਾਲੇ ਦਿਨ ਜਾਂ ਜਿਵੇ ਸਮਰੱਥ ਅਧਿਕਾਰੀ ਮੁਕੱਰਰ ਕਰਦਾ ਹੈ ਤਾਂ ਉਸ ਅਨੁਸਾਰ ਉਸੇ ਸਥਾਨ ਅਤੇ ਸਮੇਂ ਅਨੁਸਾਰ ਹੋਵੇਗੀ ਜਿਸ ਵਿੱਚ ਪਹਿਲਾਂ ਦਾ ਸ਼ਡਿਊਲ ਕਾਲਜ ਦੇ ਅਗਲੇ ਕੰਮ ਵਾਲੇ ਦਿਨ ਤੱਕ ਲਾਗੂ ਰਹੇਗਾ।

10 ਸਫ਼ਲ ਬੋਲੀਕਾਰ ਨਾਲ ਐਗਰੀਮੈਂਟ ਹੋਣ ਤੋਂ ਪਹਿਲਾਂ ਤੱਕ ਇਹ ਬੋਲੀ ਪ੍ਰੋਵੀਜ਼ਨਲ ਮੰਨੀ ਜਾਵੇਗੀ ਅਤੇ ਕਿਸੇ ਵੀ ਸਮੇ ਕਿਸੇ ਵੀ ਤਕਨੀਕੀ/ਪ੍ਰਬੰਧਕੀ ਕਾਰਣ ਕਰਕੇ ਰੱਦ ਕੀਤੀ ਜਾ ਸਕਦੀ ਹੈ ਅਤੇ ਬੋਲੀਕਾਰ ਦਾ ਇਸ ਉੱਪਰ ਕੋਈ ਉਜਰ ਨਹੀਂ ਹੋਵੇਗਾ।

11 **ਬੋਲੀ ਵਾਲੇ ਦਿਨ ਆਕਸ਼ਨ ਕੀਤੀਆਂ ਜਾਣ ਵਾਲੀਆਂ ਦੁਕਾਨਾਂ ਦੀ ਗਿਣਤੀ ਘੱਟ ਜਾਂ ਵੱਧ ਹੋ ਸਕਦੀ ਹੈ।**

12 **ਕਿਸੇ ਵੀ ਤਰਾਂ ਦੀ ਸੋਧ ਸਿਰਫ਼ ਕਾਲਜ ਦੀ ਵੈਬਸਾਈਟ ਤੇ ਹੀ ਪਾਈ ਜਾਵੇਗੀ।**

ਡਾਇਰੈਕਟਰ

ਐਸ.ਬੀ.ਐਸ.ਐਸ.ਟੀ.ਸੀ

ਫ਼ਿਰੋਜ਼ਪੁਰ।